# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ:.....7532...../ਸੀ.ਓ.ਈ.

ਮਿਤੀ.....27/9/22..........

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਇਹ ਇਸ ਦਫਤਰ ਦੇ ਪੱਤਰ ਨੰ: 5953/ਸੀ.ਓ.ਈ. ਮਿਤੀ 08-08-2022 ਅਤੇ ਡਿਸਪੈਚ ਨੰ: 170/ਡੀ.ਏ.ਈ. ਮਿਤੀ 10-08-2022 ਦੀ ਲਗਾਤਾਰਤਾ ਵਿਚ ਹੈ।

ਉਕਤ ਪੱਤਰਾਂ ਦੀ ਲੋਅ ਵਿਚ ਲਿਖਿਆ ਗਿਆ ਸੀ ਕਿ ਦਸੰਬਰ 2021 ਤੱਕ ਵੱਖ ਵੱਖ ਕਾਲਜਾਂ / ਵਿਭਾਗਾਂ ਵਲੋਂ ਕਿਸੇ ਵੀ ਕੋਰਸਾਂ ਦੀ ਕੋਈ ਵੀ ਥਿਊਰੀ / ਇੰਟਰਨਲ / ਪ੍ਰੈਕਟੀਕਲ / ਪ੍ਰੈਕਟੀਕਲ ਇੰਟਰਨਲ ਦੀਆਂ ਅਵਾਰਡਾਂ ਭੇਜਣ ਤੋਂ ਰਹਿ ਗਈਆਂ ਹੋਣ ਤਾਂ ਉਹ ਅਵਾਰਡ ਲਿਸਟਾਂ ਮਿਤੀ 16-08-2022 ਨੂੰ ਸ਼ਾਮ 4.00 ਵਜੇ ਤੱਕ ਅਤੇ 18-08-2022 ਤੱਕ ਅਵਾਰਡ ਸੈਕਸ਼ਨ, ਪ੍ਰੀਖਿਆ ਸ਼ਾਖਾ ਵਿਖੇ ਹਾਰਡ ਕਾਪੀ ਦੇ ਰੂਪ ਵਿਚ ਜਮ੍ਹਾਂ ਕਰਵਾਈਆਂ ਜਾਣ। ਮਿਤੀ 16-08-2022 ਨੂੰ ਸ਼ਾਮ 4.00 ਵਜੇ ਅਤੇ ਮਿਤੀ 18-08-2022 ਤੋਂ ਬਾਅਦ ਦਸੰਬਰ 2021 ਤੱਕ ਦੀ ਕਿਸੇ ਵੀ ਕੋਰਸ ਦੀ ਅਵਾਰਡ ਨੂੰ ਪ੍ਰੀਖਿਆ ਸ਼ਾਖਾ ਵਲੋਂ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਇਨ੍ਹਾਂ ਨਾਲ ਸਬੰਧਿਤ ਵਿਦਿਆਰਥੀਆਂ ਦੇ ਨਤੀਜੇ ਨੂੰ ਸਬੰਧਿਤ ਵਿਸ਼ੇ ਵਿਚੋਂ ਗੈਰ-ਹਾਜ਼ਰ ਮੰਨਦੇ ਹੋਏ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇਗਾ ਅਤੇ ਇਸ ਦੀ ਸਾਰੀ ਜ਼ੁੰਮੇਵਾਰੀ ਸਬੰਧਿਤ ਕਾਲਜ / ਵਿਭਾਗ ਦੀ ਹੋਵੇਗੀ। ਇਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਪ੍ਰਕਾਰ ਦੀਆਂ ਸੋਧੀਆ ਹੋਈਆਂ ਥਿਊਰੀ / ਇੰਟਰਨਲ / ਪ੍ਰੈਕਟੀਕਲ / ਪ੍ਰੈਕਟੀਕਲ ਇੰਟਰਨਲ ਨੂੰ ਨਹੀਂ ਵਿਚਾਰਿਆ ਜਾਵੇਗਾ।

ਪਰੰਤੂ ਫਿਰ ਵੀ ਦੇਖਣ ਵਿਚ ਆਇਆ ਹੈ ਕਿ ਕਾਲਜਾਂ / ਵਿਭਾਗਾਂ ਵਲੋਂ ਅਵਾਰਡਾਂ ਦੀਆਂ ਕਾਪੀਆਂ ਵਿਦਿਆਰਥੀਆਂ ਦੇ ਹੱਥ ਭੇਜ ਦਿਤੀਆਂ ਜਾਂਦੀਆਂ ਹਨ। ਇਹ ਹੁਣ ਉਪਰੋਕਤ ਅਨੁਸਾਰ ਸਵੀਕਾਰ ਨਹੀਂ ਕੀਤੀਆਂ ਜਾਣੀਆਂ ਹਨ ਇਸ ਲਈ ਲਿਖਿਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਤੋਂ ਗੁਰੇਜ ਕੀਤਾ ਜਾਵੇ।

G Singh 27/9/22

**ਕੰਟਰੋਲਰ (ਪ੍ਰੀਖਿਆਵਾਂ)**